## ਰੋਜ਼ਾਨਾਂ ਕਰਾਇਮ ਰਿਪੋਰਟ ਮਿਤੀ 22-04-2023 ਵਕਤ 12:00 ਏ.ਐਮ. ਤੋਂ 12:00 ਏ.ਐਮ. ਤੱਕ

### 01 ਸਬ-ਡਵੀਜਨ ਗੜਸ਼ੰਕਰ

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਵਕੂਆ ਮਿਤੀ ਸਥਾਨ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਦੋਸ਼ੀ ਗ੍ਰਿਫ ਜਾਂ ਨਹੀ | ਮੁਦਈ/ ਪੀੜਤ ਦੀ ਉਮਰ | ਸੰਖੇਪ ਹਾਲਾਤ | ਬ੍ਰਾਮਦਗੀ | ਮੁੱਖ ਅਫਸਰ ਮੌਕੇ ਪਰ ਗਿਆ ਜਾਂ ਨਹੀ ਗਿਆ ਤਾਂ DDR NO. | ਤਫਤੀਸ਼ੀ ਅਫਸਰ |
|---|---|---|---|---|---|---|---|---|---|---|---|
| 1. | ਮਾਹਿਲਪੁਰ | 76<br>22.04.2023<br>15-61-85<br>NDPS ACT | ਐਮਾ ਜੱਟਾ<br>22.04.23 | ਏ.ਐਸ.ਆਈ ਹਰਭਜਨ ਸਿੰਘ 79862-27016 | ਮੱਖਣ ਸਿੰਘ ਪੁੱਤਰ ਚਰਨ ਸਿੰਘ ਵਾਸੀ ਗੜ੍ਹੀ ਮੱਟੋ ਥਾਣਾ ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ | ਗ੍ਰਿਫਤਾਰ | - | ਏ.ਐਸ.ਆਈ ਹਰਭਜਨ ਸਿੰਘ ਸਮੇਤ ਸਾਥੀ ਕਰਮਚਾਰੀਆ ਗਸ਼ਤ ਦੇ ਸਬੰਧ ਵਿੱਚ ਐਮਾਂ ਜੱਟਾਂ ਪੁੱਲ ਲਾਗੇ ਪੁੱਜੀ ਤਾਂ ਕੋਟਫਤੂਹੀ ਤੋ ਗੜ੍ਹਸ਼ੰਕਰ ਰੋਡ ਤੇ ਸੜਕ ਦੇ ਖੱਬੇ ਪਾਸੇ ਇੱਕ ਮੋਟਰਸਾਇਕਲ ਤੇ ਮੋਨਾ ਨੌਜਵਾਨ ਖੜ੍ਹਾ ਸੀ, ਜਿਸਨੇ ਆਪਣੇ ਮੋਟਰਸਾਇਕਲ ਦੇ ਉੱਪਰ ਇੱਕ ਕਾਲੇ ਰੰਗ ਦਾ ਵਜਨਦਾਰ ਬੋਰਾ ਪਲਾਸਟਿਕ ਰੱਖਿਆ ਹੋਇਆ ਸੀ । ਜਿਸਨੂੰ ਸ਼ੱਕ ਦੀ ਬਿਨਾਹ ਤੇ ਕਾਬੂ ਕਰਕੇ ਉਸਦਾ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਮੱਖਣ ਸਿੰਘ ਪੁੱਤਰ ਚਰਨ ਸਿੰਘ ਵਾਸੀ ਗੜ੍ਹੀ ਮੱਟੋ ਥਾਣਾ ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ ਦੱਸਿਆ। ਮੋਟਰਸਾਇਕਲ ਨੰਬਰੀ PB -20 -C -9604 ਮਾਰਕਾ ਪਲੈਟੀਨਾ ਰੰਗ ਕਾਲਾ ਪਰ ਰੱਖੇ ਵਜਨਦਾਰ ਕਾਲੇ ਰੰਗ ਦੇ ਬੋਰਾ ਪਲਾਸਟਿਕ ਦੀ ਤਲਾਸ਼ੀ ਕਰਨ ਤੇ ਉਸ ਵਿੱਚੋ 20 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਬ੍ਰਾਮਦ ਹੋਏ ।ਜਿਸਤੇ ਮੁਕੱਦਮਾ ਦਰਜ ਕੀਤਾ ਗਿਆ । | 20 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਮੋਟਰਸਾਇਕਲ ਨੰਬਰੀ PB -20 -C -9604 ਮਾਰਕਾ ਪਲੈਟੀਨਾ ਰੰਗ ਕਾਲਾ | ਨਹੀਂ | ਏ. ਐਸ.ਆਈ ਹਰਭਜਨ ਸਿੰਘ 79862-27016 |

### 02 ਸਬ ਡਵੀਜਨ ਸਿਟੀ

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਵਕੂਆ ਮਿਤੀ ਸਥਾਨ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਦੋਸ਼ੀ ਗ੍ਰਿਫ ਜਾਂ ਨਹੀ | ਮੁਦਈ/ ਪੀੜਤ ਦੀ ਉਮਰ | ਸੰਖੇਪ ਹਾਲਾਤ | ਬ੍ਰਾਮਦਗੀ | ਮੁੱਖ ਅਫਸਰ ਮੌਕੇ ਪਰ ਗਿਆ ਜਾਂ ਨਹੀ ਗਿਆ ਤਾਂ DDR NO. | ਤਫਤੀਸ਼ੀ ਅਫਸਰ |
|---|---|---|---|---|---|---|---|---|---|---|---|
| 1. | ਮਾਡਲ ਟਾਊਨ | 111<br>22-04-23<br>22-61-85<br>NDPS Act | ਮਿਤੀ<br>22-04-23<br>ਮੰਡੀ ਰਹੀਮਪੁਰ | ਏ.ਐਸ.ਆਈ ਗੁਰਦੀਪ ਸਿੰਘ 98765-84022 | ਮਨੀ ਰੱਲ ਪੁੱਤਰ ਕੁਲਦੀਪ ਕੁਮਾਰ ਵਾਸੀ ਮਕਾਨ ਨੰ:540 ਮੁੱਹਲਾ ਰੂਪ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ | ਗ੍ਰਿਫਤਾਰ | -- | ਏ.ਐਸ.ਆਈ ਗੁਰਦੀਪ ਸਿੰਘ ਸਮੇਤ ਸਾਥੀ ਕਰਮਚਾਰੀਆ ਦੇ CIA ਸਟਾਫ ਹੁਸ਼ਿਆਰਪੁਰ ਤੋਂ ਹੁੰਦੇ ਹੋਏ ਰਹੀਮਪੁਰ ਮੰਡੀ ਦੇ ਗੇਟ ਨੰ:1 ਦੇ ਅੰਦਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਪੁਜੇ ਤਾਂ ਇੱਕ ਮੋਨਾ ਲੜਕਾ ਜਿਸ ਦਾ ਨਾਮ ਪਤਾ ਪੁੱਛਣ ਤੇ ਉਸ ਨੇ ਆਪਣਾ ਨਾਮ ਮਨੀ ਰੱਲ ਪੁੱਤਰ ਕੁਲਦੀਪ ਕੁਮਾਰ ਵਾਸੀ ਮਕਾਨ ਨੰ:540 ਮੁੱਹਲਾ ਰੂਪ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੱਸਿਆ ਜਿਸ ਦੀ ਤਲਾਸ਼ੀ ਕੀਤੀ ਤਾਂ ਉਸ ਪਾਸੋ ਖੁਲੀਆਂ ਸੰਤਰੀ ਰੰਗ ਦੀਆਂ 610 ਨਸ਼ੀਲੀਆਂ ਗੋਲੀਆਂ ਅਤੇ ਇੱਕ ਛੋਟੀ ਲਿਫਾਫੀ ਵਿੱਚੋ 10 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਹੋਇਆ।ਜਿਸ ਤੇ ਮੁੱਕਦਮਾ ਦਰਜ ਕੀਤਾ ਗਿਆ। | 610 ਨਸ਼ੀਲੀਆਂ ਗੋਲੀਆਂ ਅਤੇ 10 ਗ੍ਰਾਮ ਨਸ਼ੀਲਾ ਪਦਾਰਥ | ਨਹੀਂ | ਏ.ਐਸ.ਆਈ ਗੁਰਦੀਪ ਸਿੰਘ 98765-84022 |
| 2. | ਸਿਟੀ | 131<br>22-04-2023<br>380,420<br>ਭ:ਦ | ਪੀ.ਐਨ.ਬੀ ਬੈਕ ਜਲੰਧਰ ਰੋਡ ਹੁਸ਼ਿ: | ਸਿਮਰਨ ਪੁੱਤਰੀ ਜਗਦੀਪ ਸਿੰਘ ਵਾਸੀ ਮਕਾਨ ਨੰਬਰ 103/4, ਮੁਹੱਲਾ ਤੁਲਸੀ ਨਗਰ, ਥਾਣਾ ਮਾਡਲ ਟਾਉਨ, ਹੁਸ਼ਿਆਰਪੁਰ 78145-07508 | 1.ਦੀਪਕ ਕੁਮਾਰ ਉਰਫ ਦੀਪੂ ਪੁੱਤਰ ਮਿਸ਼ਰੀ ਲਾਲ ਵਾਸੀ ਹਰਦਿਆਲ ਨਗਰ ਸਟਾਰ ਪੈਰਾਡਾਈਜ ਕਲੋਨੀ ਥਾਣਾ ਡਵੀਜਨ ਨੰਬਰ 08, ਜਲੰਧਰ<br>2.ਰਾਜ ਕੁਮਾਰ ਪੁੱਤਰ ਬਲਰਾਮ ਵਾਸੀ ਲੰਮਾ ਪਿੰਡ ਚੌਕ ਉਪਕਾਰ ਨਗਰ, ਥਾਣਾ ਡਵੀਜਨ ਨੰਬਰ 08, ਜਲੰਧਰ | ਗ੍ਰਿਫਤਾਰ | - | ਇਹ ਮੁਕੱਦਮਾ ਬਰਬਿਆਨ ਸਿਮਰਨ ਪੁੱਤਰੀ ਜਗਦੀਪ ਸਿੰਘ ਵਾਸੀ ਮਕਾਨ ਨੰਬਰ 103/4, ਮੁਹੱਲਾ ਤੁਲਸੀ ਨਗਰ, ਥਾਣਾ ਮਾਡਲ ਟਾਉਨ, ਕਿ ਮਿਤੀ 22-04-2023 ਨੂੰ ਵਕਤ ਕ੍ਰੀਬ 4-5 ਵਜੇ ਸ਼ਾਮ ਮੈਂ ਅਤੇ ਮੇਰੀ ਭੈਣਾਂ ਅਮੀਸ਼ਾ ਨਾਲ ਮੈਂ ਪੰਜਾਬ ਨੈਸ਼ਨਲ ਬੈਂਕ ਜਲੰਧਰ ਰੋਡ, ਨੇੜੇ ਪੁਰਾਣੀ ਸਬਜ਼ੀ ਮੰਡੀ, ਹੁਸ਼ਿਆਰਪੁਰ ਵਿਖੇ ਪੈਸੇ ਕੱਢਵਾਉਣ ਲਈ ਆਪਣੀ ਮਾਤਾ ਸੋਨੀਆਂ ਦਾ ਏ.ਟੀ.ਐਮ ਨੰਬਰ 5085521409103068 ਪੰਜਾਬ ਐਂਡ ਸਿੰਧ ਬੈਂਕ ਲੈ ਕੇ ਗਏ ਸੀ ਤਾਂ ਜਦ ਮੈਂ ਆਪਣੇ ਏ.ਟੀ.ਐਮ ਰਾਂਹੀ ਪੈਸੇ ਕੱਢਵਾਉਣ ਲੱਗੀ ਤਾਂ ਏ.ਟੀ.ਐਮ ਵਿੱਚ ਖਰਾਬੀ ਆਉਣ ਕਰਕੇ ਪੈਸੇ ਨਹੀਂ ਨਿਕਲੇ ਤਾਂ ਮੇਰੇ ਪਿੱਛੇ ਖੜੇ ਦੋ ਅਣਜਾਣ ਵਿਅਕਤੀਆਂ ਵਲੋਂ ਮੈਨੂੰ ਕਿਹਾ ਕਿ ਆਪ ਮੈਨੂੰ ਆਪਣਾ ਏ.ਟੀ.ਐਮ ਦੇ ਦਿਉ ਮੈਂ ਆਪ ਦੇ ਪੈਸੇ ਕੱਢਵਾ ਦਿੰਦਾ ਹਾਂ, ਜਦ ਮੈਂ ਇਨ੍ਹਾਂ ਨੂੰ ਆਪਣਾ ਏ.ਟੀ.ਐਮ ਦਿੱਤਾ ਤਾਂ ਏ.ਟੀ.ਐਮ ਵਿੱਚੋਂ ਪੈਸੇ ਨਹੀਂ ਨਿਕਲੇ ਤਾਂ ਇਨ੍ਹਾਂ ਦੋਨੋਂ ਅਣਜਾਣ ਵਿਅਕਤੀਆਂ ਵਲੋਂ ਮੈਨੂੰ ਮੇਰਾ ਏ.ਟੀ.ਐਮ ਵਾਪਸ ਕਰ ਦਿੱਤਾ, ਜਦ ਮੈਨੇ ਉਨ੍ਹਾਂ ਵਲੋਂ ਦਿੱਤਾ ਆਪਣਾ ਏ.ਟੀ.ਐਮ ਦੇਖਿਆ ਤਾਂ ਉਹ ਮੇਰਾ ਏ.ਟੀ.ਐਮ ਨਹੀਂ ਸੀ, ਕਿਉਂਕਿ ਮੇਰੇ ਪਾਸ ਏ.ਟੀ.ਐਮ ਪਰ ਮੇਰੀ ਮਾਤਾ ਦਾ ਨਾਮ ਸੋਨੀਆਂ ਨਹੀ ਲਿਖਿਆਂ ਹੋਇਆ ਸੀ, ਇਨੇ ਨੂੰ ਇਹ ਦੋਨੋਂ ਵਿਅਕਤੀ ਉੱਥੋ ਆਪਣੇ ਮੋਟਰ ਸਾਈਕਲ ਪਰ ਸਵਾਰ ਹੋ ਕੇ ਨਿਕਲ ਗਏ। ਜਿਸ ਤੇ ਮੇਰੇ ਵਲੋਂ ਆਪਣੀਆਂ ਭੈਣਾਂ ਨਾਲ ਮਿਲ ਕੇ ਆਪਣੀ ਐਕਟਿਵਾ ਰਾਂਹੀ ਇਨ੍ਹਾਂ ਦੋਨੋਂ ਅਣਜਾਣ ਵਿਅਕਤੀਆਂ ਦਾ ਪਿੱਛਾ ਕਰਦੇ ਸ਼ੈਸ਼ਨ ਚੌਕ ਵੱਲ ਜਾ ਰਹੀ ਸੀ ਤਾਂ ਫਿਰ ਸਾਨੂੰ ਜੋ ਬੈਂਕ ਨਾਲ ਕਨੈਕਟ ਫੋਨ ਨੰਬਰ 78145-07508 ਪਰ ਪੈਸੇ ਨਿਕਲਨ ਸਬੰਧੀ ਮੈਸੇਜ ਆਇਆ ਕਿ 7,500/- ਰੁਪਏ ਨਿਕਲੇ ਹਨ, ਜਦ ਅਸੀ ਇਨ੍ਹਾਂ ਦੋਨੋਂ ਅਣਜਾਣ ਵਿਅਕਤੀਆਂ ਨੂੰ ਲੱਭ ਰਹੀਆਂ ਸਨ ਤਾਂ ਇਹ ਦੋਨੋਂ ਅਣਜਾਣ ਵਿਅਕਤੀ ਰੇਲਵੇ ਰੋਡ, ਨੇੜੇ ਸ਼ੈਸਨ ਚੌਂਕ, ਪੀ.ਐਨ.ਬੀ ਬੈਂਕ ਏ.ਟੀ.ਐਮ ਤੋਂ ਬਾਹਰ ਆਏ ਤਾਂ ਸਾਨੂੰ ਐਕਟਿਵਾ ਤੇ ਆਉਂਦੀਆਂ ਦੇਖ ਕੇ ਦੋਨੋਂ ਅਣਜਾਣ ਵਿਅਕਤੀ ਆਪਣੇ ਮੋਟਰਸਾਈਕਲ ਤੇ ਸਾਵਰ ਹੋ ਕੇ ਭੱਜਣ ਲੱਗੇ ਤਾਂ ਮੈ ਆਪਣੀ ਐਕਟਿਵਾ ਉਨ੍ਹਾਂ ਦੇ ਮੋਟਰਸਾਈਕਲ ਦੇ ਅਗਲੇ ਟਾਇਰ ਵਿੱਚ ਮਾਰੀ ਤਾਂ ਉਹ ਦੋਨੋਂ ਵਿਆਕਤੀ ਡਿੱਗ ਗਏ। ਮੈ ਅਤੇ ਮੇਰੀ ਭੈਣ ਅਮੀਸ਼ਾ ਨੇ ਉਹਨਾ ਨੂੰ ਫੜ ਲਿਆ ਦੋਵੇ ਵਿਆਕਤੀ ਆਪਣੇ ਆਪ ਨੂੰ ਸਾਡੇ ਤੋ ਛੁਡਾ ਰਹੇ ਸੀ ਤਾ ਅਸੀ ਰੌਲਾ ਪਾਇਆ ਫਿਰ ਆਸ-ਪਾਸ ਰਾਹਗੀਰਾ ਨੇ ਸਾਡੀ ਨੇ ਸਾਡੀ ਮੱਦਦ ਕੀਤੀ ਅਤੇ ਦੋਵੇ ਨੌਜਵਾਨ ਵਿਅਕਤੀਆ ਨੂੰ ਕਾਬੂ ਕੀਤਾ। ਜਿਸ ਸਬੰਧੀ ਮੁੱਕਦਮਾ ਦਰਜ ਕੀਤਾ ਗਿਆ। | ਕੋਈ ਨਹੀ | ਨਹੀਂ | ਏ.ਐਸ.ਆਈ ਅਮਰਜੀਤ ਸਿੰਘ 78886-69067 |

| | | | | | | | | | | | |
|---|---|---|---|---|---|---|---|---|---|---|---|
| 3. | ਸਿਟੀ | 132<br>22-04-23<br>52-ਏ ਪ੍ਰੀਜ਼ਨ ਐਕਟ | ਕੇਂਦਰੀ ਜੇਲ ਹੁਸ਼ਿ:<br>22-04-23 | ਸ੍ਰੀ ਸਤਨਾਮ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ ਹੁਸ਼ਿ: | ਯਸ਼ਪਾਲ ਉਰਫ ਯਸ ਪੁੱਤਰ ਯੋਗਰਾਜ ਵਾਸੀ 261 ਬਸੀ ਖਵਾਜ ਕੈਲੋਨੀ ਥਾਣਾ ਮਾਡਲ ਟਾਊਨ ਹੁਸ਼ਿ: | ਨਹੀ | - | ਇਹ ਮੁਕੱਦਮਾ ਪੱਤਰ ਨੰਬਰ 4792-ਏ.ਐਸ.ਡਵਲਯੂ ਮਿਤੀ 22-04-2023 ਵੱਲੋ ਸ੍ਰੀ ਸਤਨਾਮ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ ਹੁਸ਼ਿ: ਬਰ ਖਿਲਾਫ ਯਸ਼ਪਾਲ ਉਰਫ ਯਸ ਪੁੱਤਰ ਯੋਗਰਾਜ ਵਾਸੀ 261 ਬਸੀ ਖਵਾਜ ਕਲੋਨੀ ਥਾਣਾ ਮਾਡਲ ਟਾਊਨ ਹੁਸ਼ਿ: ਬਾਬਤ ਸਮਾ 03:30 ਪੀ:ਐਮ ਵਜੇ ਸੁਪਰਡੈਂਟ ਜੇਲ ਵੱਲੋ ਸ਼ੱਕ ਪੈਣ ਤੇ ਬੈਰਕ ਨੰਬਰ 17 ਦੀ ਤਲਾਸ਼ੀ ਕੀਤੀ ਗਈ ਤਾ ਤਲਾਸ਼ੀ ਦੋਰਾਨ ਉਕਤ ਬੰਦੀ ਦੀ ਪਹਿਨੀ ਹੋਈ ਪੈਂਟ ਦੀ ਜੇਬ ਵਿੱਚ ਛੁਪਾ ਕੇ ਰੱਖਿਆ ਹੋਇਆ 01 ਮੋਬਾਇਲ ਫੋਨ ਸਮੇਤ ਸਿੰਮ ਬਰਾਮਦ ਹੋਇਆ। ਜਿਸ ਤੇ ਮੁਕੱਦਮਾ ਦਰਜ ਕੀਤਾ ਗਿਆ। | 01 ਮੋਬਾਇਲ ਫੋਨ ਸਮੇਤ ਸਿੰਮ | ਨਹੀਂ | ਏ.ਐਸ.ਆਈ ਦਿਪੰਕਰ ਸਿੰਘ 94634-44523 |
| 4. | ਸਿਟੀ | 133<br>22-04-23<br>52-ਏ ਪ੍ਰੀਜ਼ਨ ਐਕਟ | ਕੇਂਦਰੀ ਜੇਲ ਹੁਸ਼ਿ:<br>22-04-23 | ਸ੍ਰੀ ਸਤਨਾਮ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ ਹੁਸ਼ਿ: | ਗੁਰਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਛੀਨਾ ਰੇਲਵਾਲਾ ਥਾਣਾ ਘੁੰਣ ਕਲਾ ਜਿਲਾ ਗੁਰਦਾਸਪੁਰ | ਨਹੀ | - | ਇਹ ਮੁਕੱਦਮਾ ਪੱਤਰ ਨੰਬਰ 4788-ਏ.ਐਸ.ਡਵਲਯੂ ਮਿਤੀ 22-04-2023 ਵੱਲੋ ਸ੍ਰੀ ਸਤਨਾਮ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ ਹੁਸ਼ਿ: ਬਰ ਖਿਲਾਫ ਗੁਰਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਛੀਨਾ ਰੇਲਵਾਲਾ ਥਾਣਾ ਘੁੰਣ ਕਲਾ ਜਿਲਾ ਗੁਰਦਾਸਪੁਰ ਬਾਬਤ ਸਮਾ 03:30 ਪੀ:ਐਮ ਵਜੇ ਸੁਪਰਡੈਂਟ ਜੇਲ ਵੱਲੋ ਸ਼ੱਕ ਪੈਣ ਤੇ ਬੈਰਕ ਨੰਬਰ 17 ਦੀ ਤਲਾਸ਼ੀ ਕੀਤੀ ਗਈ ਤਾ ਤਲਾਸ਼ੀ ਦੋਰਾਨ ਉਕਤ ਬੰਦੀ ਦੀ ਪਹਿਨੀ ਹੋਈ ਕੈਪਰੀ ਦੀ ਜੇਬ ਵਿੱਚ ਛੁਪਾ ਕੇ ਰੱਖਿਆ ਹੋਇਆ 01 ਮੋਬਾਇਲ ਫੋਨ ਸਮੇਤ ਸਿੰਮ ਬਰਾਮਦ ਹੋਇਆ। ਜਿਸ ਤੇ ਮੁਕੱਦਮਾ ਦਰਜ ਕੀਤਾ ਗਿਆ। | 01 ਮੋਬਾਇਲ ਫੋਨ ਸਮੇਤ ਸਿੰਮ | ਨਹੀਂ | ਏ.ਐਸ.ਆਈ ਗਗਨ ਸਿੰਘ 94174-46883 |
| 5. | ਸਿਟੀ | 134<br>23-04-23<br>379-ਬੀ ਭ:ਦ | ਸਿਵਲ ਲਾਇਨ ਐਕਸਟੈਨਸ਼ਨ<br>22-04-23 | ਸ੍ਰੀ ਮਤੀ ਪੂਨਮ ਪੋਲ ਪਤਨੀ ਲੇਟ ਮਧੂਕਰ ਦੇਵ ਪੋਲ ਵਾਸੀ ਮਕਾਨ ਨੰਬਰ 14 ਸਿਵਿਲ ਲਾਈਨ ਐਕਸਟੈਂਸ਼ਨ ਥਾਣਾ ਸਿਟੀ ਹੁਸ਼ਿਆਰਪੁਰ 98728-35054 | ਨਾ-ਮਾਲੂਮ ਵਿਅਕਤੀ | ਨਹੀ | - | ਇਹ ਮੁਕੱਦਮਾ ਬਰਬਿਆਨ ਸ੍ਰੀ ਮਤੀ ਪੂਨਮ ਪੋਲ ਪਤਨੀ ਲੇਟ ਮਧੂਕਰ ਦੇਵ ਪੋਲ ਵਾਸੀ ਮਕਾਨ ਨੰਬਰ 14 ਸਿਵਿਲ ਲਾਈਨ ਐਕਸਟੈਂਸ਼ਨ ਥਾਣਾ ਸਿਟੀ ਹੁਸ਼ਿਆਰਪੁਰ ਕਿ ਮਿਤੀ 22/04/2023 ਨੂੰ ਮੈਂ ਆਪਣੇ ਨਿੱਜੀ ਕੰਮ ਲਈ ਬਾਜਾਰ ਗਈ ਸੀ । ਮੈਂ ਬਾਜਾਰ ਤੋਂ ਘਰ ਦਾ ਰਾਸ਼ਨ ਲੈ ਕੇ ਆਪਣੀ Activa ਨੰਬਰ PB07T1463 ਤੇ ਵਾਪਿਸ ਆਪਣੇ ਘਰ ਆ ਰਹੀ ਸੀ। ਜਦੋਂ ਮੈਂ ਆਪਣੇ ਘਰ ਤੋਂ ਪਿੱਛੇ ਅੰਕੁਰ ਸੂਦ ਦੇ ਘਰ ਲਾਗੇ ਪੁੱਜੀ ਤਾਂ ਵਕਤ ਕਰੀਬ 9 ਵਜੇ ਰਾਤ ਦਾ ਹੋਵੇਗਾ ਤਾਂ 2 ਮੋਟਰਸਾਈਕਲ ਸਵਾਰ ਵਿਅਕਤੀ ਮੇਰੇ ਪਿੱਛੇ ਆਏ ਤੇ ਮੇਰੀ Activa ਦੇ ਬਰਾਬਰ ਆ ਕੇ ਮੋਟਰਸਾਈਕਲ ਦੇ ਪਿੱਛੇ ਬੈਠੇ ਨੌਜਵਾਨ ਨੇ ਝਪਟ ਮਾਰ ਕੇ ਮੇਰੇ ਗਲੇ ਵਿੱਚ ਪਾਈ ਸੋਨਾ ਚੈਨ ਲਾਹ ਲਈ ਅਤੇ ਮੌਕਾ ਤੋਂ ਮੋਟਰਸਾਈਕਲ ਭਜਾ ਕੇ ਲੈ ਗਏ ।ਜਿਸ ਸਬੰਧੀ ਮੁਕੱਦਮਾ ਦਰਜ ਕੀਤਾ ਗਿਆ। | ਕੋਈ ਨਹੀ | ਨਹੀਂ | ਏ.ਐਸ.ਆਈ ਅਮਰਜੀਤ ਸਿੰਘ 78886-69067 |
| 6. | ਸਦਰ | 56<br>22-04-23<br>379,482, 411 ਭ.ਦ | ਬਜਵਾੜਾ ਕਲਾਂ<br>22-04-23 | ਏ.ਐਸ.ਆਈ ਭਜਨ ਲਾਲ 75890-38589 | 1. ਅਜੈ ਉਰਫ ਲਾਟੂ ਪੁੱਤਰ ਹੀਰਾ ਵਾਸੀ ਅਲਾਹਾਬਾਦ ਥਾਣਾ ਸਦਰ ਹੁਸ਼ਿ:<br>2. ਸੰਜੀਵ ਕੁਮਾਰ ਉਰਫ ਸੁੱਖਾ ਪੁੱਤਰ ਰਮੇਸ਼ ਕੁਮਾਰ ਵਾਸੀ ਬਜਵਾੜਾ ਕਲਾਂ ਥਾਣਾ ਸਦਰ ਹਾਲ ਵਾਸੀ ਬੰਜਰਬਾਗ ਥਾਣਾ ਸਦਰ ਹੁਸ਼ਿ: | ਗ੍ਰਿਫਤਾਰ | – | ਏ.ਐਸ.ਆਈ ਭਜਨ ਲਾਲ ਸਮੇਤ ਪੁਲਿਸ ਪਾਰਟੀ ਪੁਲ ਨਹਿਰ ਬਜਵਾੜਾ ਮੌਜੂਦ ਸੀ ਤਾਂ ਦੌਰਾਨੇ ਨਾਕਾਬੰਦੀ ਚੈਕਿੰਗ 2 ਨੋਜਵਾਨ ਮੋਟਰ ਸਾਈਕਲ ਸਵਾਰਾ ਨੂੰ ਸ਼ੱਕ ਦੀ ਬਿਨਾਹ ਪਰ ਰੋਕਿਆ, ਮੋਟਰ ਸਾਈਕਲ ਚਾਲਕ ਨੇ ਆਪਣਾ ਨਾਮ ਅਜੈ ਉਰਫ ਲਾਟੂ ਤੇ ਮਗਰ ਬੈਠੇ ਨੇ ਆਪਣਾ ਨਾਮ ਸੰਜੀਵ ਕੁਮਾਰ ਉਰਫ ਸੁੱਖਾ ਦੱਸਿਆ , ਜਿਸਦੇ ਮੋਟਰ ਸਾਈਕਲ ਮਾਰਕਾ ਹੀਰੋ ਸਪਲੈਂਡਰ ਪਲੱਸ ਪਰ ਅੱਗੇ ਪਿੱਛੇ ਨੰਬਰ PB07-BU-2868 ਲਿਖਿਆ ਹੋਇਆ ਸੀ ਜੋ ਵਾਹਨ ਐਪ ਪਰ ਚੈੱਕ ਕਰਨ ਤੇ ਬਜਾਜ ਪਲੈਟੀਨਾ ਮੋਟਰ ਸਾਈਕਲ ਦਾ ਹੋਣਾ ਪਾਇਆ ਗਿਆ, ਜੋ ਅਜੈ ਉਰਫ ਲਾਟੂ ਤੇ ਸੰਜੀਵ ਕੁਮਾਰ ਉਰਫ ਸੁੱਖਾ ਵੱਲੋਂ ਚੋਰੀ ਸ਼ੁਦਾ ਮੋਟਰ ਸਾਈਕਲ ਗਲਤ ਨੰਬਰ ਲਗਾ ਕੇ ਆਪਣਾ ਕਬਜਾ ਵਿੱਚ ਰੱਖਣ ਤੇ ਮੁਕੱਦਮਾ ਦਰਜ਼ ਕੀਤਾ ਗਿਆ । | ਮੋਟਰ ਸਾਈਕਲ ਮਾਰਕਾ ਹੀਰੋ ਸਪਲੈਂਡਰ | ਨਹੀਂ | ਏ.ਐਸ.ਆਈ ਭਜਨ ਲਾਲ 75890-38589 |

**03 ਸ਼ਬ ਡਵੀਜਨ ਦਿਹਾਤੀ**

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਵਕੂਆ ਮਿਤੀ ਸਥਾਨ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਦੋਸ਼ੀ ਗ੍ਰਿਫ ਜਾਂ ਨਹੀ | ਮੁਦਈ/ ਪੀੜਤ ਦੀ ਉਮਰ | ਸੰਖੇਪ ਹਾਲਾਤ | ਬ੍ਰਾਮਦਗੀ | ਮੁੱਖ ਅਫਸਰ ਮੌਕੇ ਪਰ ਗਿਆ ਜਾਂ ਨਹੀ ਗਿਆ ਤਾਂ DDR NO. | ਤਫਤੀਸ਼ੀ ਅਫਸਰ |
|---|---|---|---|---|---|---|---|---|---|---|---|
| 1. | ਮੇਹਟੀਆਣਾ | 30<br>22-4-23 498 ਏ ਭ.ਦ | ਨਡਾਲੋ ਮਿਤੀ<br>22-4-17 | ਮਨਜੀਤ ਕੌਰ ਪਤਨੀ ਹਰਵਿੰਦਰ ਸਿੰਘ ਵਾਸੀ ਨਡਾਲੋ ਥਾਣਾ ਮੇਹਟੀਆਣਾ 90561-59717 | 1ਹਰਭਜਨ ਸਿੰਘ ਪੁੱਤਰ ਸੁਰਿੰਦਰ ਸਿੰਘ<br>2 ਗੁਰਮੀਤ ਕੌਰ ਪਤਨੀ ਸੁਰਿੰਦਰ ਸਿੰਘ ਵਾਸੀਆਨ ਨਡਾਲੋ ਥਾਣਾ ਮੇਹਟੀਆਣਾ | ਨਹੀ | --- | ਇਹ ਮੁਕੱਦਮਾ ਦਰਖਾਸਤ ਨੰਬਰ 1281-ਪੀ ਡੀ ਮਿਤੀ 14-2-2023 ਵਲੋ ਮਨਜੀਤ ਕੌਰ ਪਤਨੀ ਹਰਵਿੰਦਰ ਸਿੰਘ ਵਾਸੀ ਨਡਾਲੋ ਥਾਣਾ ਮੇਹਟੀਆਣਾ ਬਰ ਖਿਲਾਫ ਹਰਭਜਨ ਸਿੰਘ ਪੁੱਤਰ ਸੁਰਿੰਦਰ ਸਿੰਘ ਵਗੈਰਾ ਦੇ ਬਾਬਤ ਕੁੱਟਮਾਰ ਕਰਕੇ ਘਰੋ ਕੱਢਣ ਤੇ ਜਾਨੋ ਮਾਰਨ ਦੀਆ ਧਮਕੀਆ ਤੇ ਮੇਰੇ ਲੜਕੇ ਏਕਮਪ੍ਰੀਤ ਸਿੰਘ ਨੂੰ ਮੇਰੇ ਕੋਲੋ ਅਲੱਗ ਕਰਨ ਸਬੰਧੀ ਦਿੱਤੀ ਸੀ ।ਜਿਸ ਦੀ ਇੰਨਕੁਆਰੀ ਉਪ ਕਪਤਾਨ ਪੁਲਿਸ ਸਪੈਸਲ ਬ੍ਰਾਚ ਸ੍ਰੀ ਸਤਿੰਦਰ ਕੁਮਾਰ ਪੀ ਪੀ ਐਸ ਵਲੋ ਕਰਨ ਤੇ ਐਸ ਐਸ ਪੀ ਸਾਹਿਬ ਜੀ ਦੇ ਦਫਤਰ ਦੇ ਹੁਕਮ ਨੰਬਰ 2012-ਪੀ ਸੀ ਮਿਤੀ 19-4-2023 ਨਾਲ ਮੁਕੱਦਮਾ ਦਰਜ ਕਰਨ ਦਾ ਹੁਕਮ ਮੌਸੂਲ ਹੋਣ ਤੇ ਮੁੱਕਦਮਾ ਦਰਜ ਕੀਤਾ ਗਿਆ। | ਕੋਈ ਨਹੀ | ਨਹੀਂ | ਏ ਐਸ ਆਈ ਅਨਿਲ ਕੁਮਾਰ 81988-26974 |
| 2. | ਮੇਹਟੀਆਣਾ | 31<br>22-4-23<br>406,420,120ਬੀ ਭ.ਦ | ਮਖਸੂਸ ਪੁਰ<br>22-4-17 | ਸ਼ੁਲੱਖਣ ਸਿੰਘ ਪੁੱਤਰ ਸੋਹਨ ਸਿੰਘ ਵਾਸੀ ਮਖਸੂਸਪੁਰ ਥਾਣਾ ਮੇਹਟੀਆਣਾ | ਮਨਜੀਤ ਕੌਰ ਪੁੱਤਰੀ ਸੁੱਚਾ ਸਿੰਘ ਵਾਸੀ ਪੰਜੋੜਾ ਥਾਣਾ ਮੇਹਟੀਆਣਾ<br>2 ਸੁਰਿੰਦਰ ਕੌਰ | ਨਹੀ | --- | ਇਹ ਮੁਕੱਦਮਾ ਦਰਖਾਸਤ ਨੰਬਰ 581-ਪੀ ਡੀ ਮਿਤੀ 24-1-2023 ਵਲੋ ਸ਼ੁਲੱਖਣ ਸਿੰਘ ਪੁੱਤਰ ਸੋਹਨ ਸਿੰਘ ਵਾਸੀ ਮਖਸੂਸਪੁਰ ਥਾਣਾ ਮੇਹਟੀਆਣਾ ਬਰ ਖਿਲਾਫ ਮਨਜੀਤ ਕੌਰ ਪੁੱਤਰੀ ਸੁੱਚਾ ਸਿੰਘ ਵਾਸੀ ਪੰਜੋੜਾ ਥਾਣਾ ਮੇਹਟੀਆਣਾ, ਸੁਰਿੰਦਰ ਕੌਰ ਪਤਨੀ ਸੁੱਚਾ ਸਿੰਘ ਵਾਸੀਆਨ ਪੰਜੋੜਾ ਥਾਣਾ ਮੇਹਟੀਆਣਾ ਵਗੈਰਾ ਦੇ ਦਿੱਤੀ ਸੀ। ਜਿਸ ਦੀ ਬਾਅਦ ਇੰਨਕੁਆਰੀ ਉਪ ਕਪਤਾਨ ਆਰਥਿਕ ਅਪਰਾਥ ਅਤੇ ਸਾਈਬਰ ਕਰਾਈਮ ਹੁਸਿਆਰਪੁਰ ਸ੍ਰੀ ਅਨਿਲ ਕੁਮਾਰ ਭਨੋਟ ਵਲੋ ਕਰਨ ਉਪਰੰਤ ਮਾਨਯੋਗ ਐਸ ਐਸ ਪੀ ਸਾਹਿਬ ਜੀ ਦੇ ਦਫਤਾਰ ਦੇ ਹੁਕਮ ਨੰਬਰ | ਕੋਈ ਨਹੀ | ਨਹੀਂ | ਏ ਐਸ ਆਈ ਅਨਿਲ ਕੁਮਾਰ 81988-26974 |

| | | | | | | | | | | | |
|---|---|---|---|---|---|---|---|---|---|---|---|
| | | | | 95019-43810 | ਪਤਨੀ ਸੁੱਚਾ ਸਿੰਘ ਵਾਸੀਆਨ ਪੰਜੋੜਾ ਥਾਣਾ ਮੇਹਟੀਆਣਾ | | | 2011-ਪੀ ਸੀ ਮਿਤੀ 19-4-2023 ਮੁਤਾਬਿਕ ਮੌਸੂਲ ਥਾਣਾ ਹੋਣ ਮੁਕੱਦਮਾ ਦਰਜ ਕੀਤਾ ਗਿਆ। | | | |

**04 ਸ਼ਬ ਡਵੀਜਨ ਟਾਂਡਾ**

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਵਕੂਆ ਮਿਤੀ ਸਥਾਨ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਦੋਸ਼ੀ ਗ੍ਰਿਫ ਜਾਂ ਨਹੀ | ਮੁਦਈ/ ਪੀੜਤ ਦੀ ਉਮਰ | ਸੰਖੇਪ ਹਾਲਾਤ | ਬ੍ਰਾਮਦਗੀ | ਮੁੱਖ ਅਫਸਰ ਮੌਕੇ ਪਰ ਗਿਆ ਜਾਂ ਨਹੀ ਗਿਆ ਤਾਂ DDR NO. | ਤਫਤੀਸ਼ੀ ਅਫਸਰ |
|---|---|---|---|---|---|---|---|---|---|---|---|
| 1. | ਟਾਂਡਾ | 111<br>22-04-23<br>406,420, 120-ਬੀ ਭ/ਦ, 24 ਇੰਮੀਗਰੇਸ਼ਨ ਐਕਟ | ਵੱਡੀ ਮਿਆਣੀ | ਰਣਜੀਤ ਕੋਰ ਪੁੱਤਰੀ ਦਰਸਨ ਸਿੰਘ ਵਾਸੀ ਵੱਡੀ ਮਿਆਣੀ ਥਾਣਾ ਟਾਂਡਾ ਜਿਲ੍ਹਾ ਹੁਸਿਆਰਪੁਰ 98786-56917 | 1. ਜਸਵੀਰ ਸਿੰਘ ਉਰਫ ਸੋਢੀ ਪੁੱਤਰ ਸਰਵਨ ਸਿੰਘ ਵਾਸੀ ਜਲਾਲ ਨੰਗਲ ਥਾਣਾ ਟਾਂਡਾ<br>2. ਬਿਲੀਅਮ ਸੱਭਰਵਾਲ ਪੁੱਤਰ ਤਿਲਕ ਰਾਜ ਵਾਸੀ ਭੁਲੱਥ ਥਾਣਾ ਭੁਲੱਥ ਜਿਲ੍ਹਾ ਕਪੂਰਥਲਾ | ਨਹੀ | 40 ਸਾਲ | ਇਹ ਮੁਕੱਦਮਾ ਬਾ ਹਵਾਲਾ ਦਰਖਾਸਤ ਨੰਬਰ 84-ਐਸ.ਐਸ.ਪੀ ਮਿਤੀ 19.01.23 ਵੱਲੋ ਰਣਜੀਤ ਕੋਰ ਪੁੱਤਰੀ ਦਰਸ਼ਨ ਸਿੰਘ ਵਾਸੀ ਵੱਡੀ ਮਿਆਣੀ ਥਾਣਾ ਟਾਂਡਾ ਬਰਖਿਲਾਫ ਜਸਵੀਰ ਸਿੰਘ ਉਰਫ ਸੋਢੀ ਪੁੱਤਰ ਸਰਵਣ ਸਿੰਘ ਵਾਸੀ ਜਲਾਲ ਨੰਗਲ , ਏਜੰਟ ਬੀਲੀਅਮ ਸੱਭਰਵਾਲ ਪੁੱਤਰ ਤਿਲਕ ਰਾਜ ਵਾਸੀ ਭੁਲੱਥ ਥਾਣਾ ਭੁਲੱਥ ਕਪੂਰਥਲਾ ਬਾਬਤ ਵਿਦੇਸ਼ ਅਮਰੀਕਾ ਭੇਜਣ ਦਾ ਝਾਸਾ ਦੇ ਕੇ 15,50,000/- ਰੁ. ਦੀ ਠੱਗੀ ਮਾਰਨ ਸਬੰਧੀ ਦਿੱਤੀ ਸੀ ਜਿਸ ਦੀ ਪੜਤਾਲ ਸ੍ਰੀ ਸਤਿੰਦਰ ਕੁਮਾਰ ਉਪ ਕਪਤਾਨ ਪੁਲਿਸ ਸਪੈਸਲ ਬਰਾਂਚ ਹੁਸਿ. ਵੱਲੋ ਕੀਤੀ। ਜਿਹਨਾ ਨੇ ਆਪਣੀ ਪੜਤਾਲ ਰਿਪੋਰਟ ਵਿੱਚ ਜਸਵੀਰ ਸਿੰਘ ਉਰਫ ਸੋਢੀ ਅਤੇ ਏਜੰਟ ਬੀਲੀਅਮ ਸੱਭਰਵਲਾ ਵੱਲੋ ਕੁੱਲ ਰਕਮ 6,10,000/- ਰੁਪਏ ਦੀ ਠੱਗੀ ਮਾਰਨਾ ਸਾਬਤ ਹੋਣ ਤੇ ਰਿਪੋਰਟ ਮਾਨਯੋਗ ਐਸ.ਐਸ.ਪੀ. ਸਾਹਿਬ ਜੀ ਪਾਸ ਭੇਜੀ। ਜੋ ਮਾਣਯੋਗ ਐਸ.ਐਸ.ਪੀ ਸਾਹਿਬ ਹੁਸਿ: ਜੀ ਦੇ ਦਫਤਰ ਦੇ ਹੁਕਮ ਨੰ.2013-ਪੀ.ਸੀ. ਮਿਤੀ 19-04-23 ਨਾਲ ਮੌਸੂਲ ਹੋਣ ਤੇ ਮੁਕੱਦਮਾ ਦਰਜ ਕੀਤਾ ਗਿਆ। | ਕੋਈ ਨਹੀ | ਨਹੀਂ | ਏ.ਐਸ.ਆਈ ਗੁਰਮੀਤ ਸਿੰਘ 94174-71706 |

**05 ਸ਼ਬ ਡਵੀਜਨ ਦਸੂਹਾ**

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਵਕੂਆ ਮਿਤੀ ਸਥਾਨ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਦੋਸ਼ੀ ਗ੍ਰਿਫ ਜਾਂ ਨਹੀ | ਮੁਦਈ/ ਪੀੜਤ ਦੀ ਉਮਰ | ਸੰਖੇਪ ਹਾਲਾਤ | ਬ੍ਰਾਮਦਗੀ | ਮੁੱਖ ਅਫਸਰ ਮੌਕੇ ਪਰ ਗਿਆ ਜਾਂ ਨਹੀ ਗਿਆ ਤਾਂ DDR NO. | ਤਫਤੀਸ਼ੀ ਅਫਸਰ |
|---|---|---|---|---|---|---|---|---|---|---|---|
| 1. | ਦਸੂਹਾ | 70<br>22-04-23<br>8 THE PUNJAB PROHIBITION OF COW SLAUGHTER ACT:1995 | 22-04-23 ਕਹਿਰਵਾਲੀ ਮੁਹੱਲਾ ਥਾਣਾ ਦਸੂਹਾ | ਅਰੁਨ ਕੁਮਾਰ ਪੁੱਤਰ ਲੇਟ ਸ੍ਰੀ ਕ੍ਰਿਸ਼ਨ ਲਾਲ ਵਾਸੀ ਕੈਂਥਾ ਮੁਹੱਲਾ ਦਸੂਹਾ ਥਾਣਾ ਦਸੂਹਾ 94173-89509 | 1.ਸਬਰੂਲ<br>2.ਅਕੀਮੁਦੀਨ<br>3.ਤਾਲਿਬ | ਗ੍ਰਿਫਤਾਰ | 63 ਸਾਲ | ਇਹ ਮੁੱਕਦਮਾ ਬਰ ਬਿਆਨ ਅਰੁਨ ਕੁਮਾਰ ਪੁੱਤਰ ਲੇਟ ਕਿਸ਼ਨ ਲਾਲ ਵਾਸੀ ਕੈਂਥਾ ਮੁਹੱਲਾ ਥਾਣਾ ਦਸੂਹਾ ਜਿਲ੍ਹਾ ਹੁਸ਼ਿਆਰਪੁ ਕਿ ਉਹ ਦੀ ਗਰੇਟ ਰਜੀਬ ਦੀਕਸ਼ਿਤ ਗਾਊਸ਼ਾਲਾ ਦਾ ਪ੍ਰਧਾਨ ਹੈ। ਮਿਤੀ 22-04-23 ਨੂੰ ਵਕਤ ਕਰੀਬ 10:00 ਏ.ਐਮ ਸੁਭਾ ਮੁੱਖਬਰ ਖਾਸ ਨੇ ਹਾਜਰ ਆ ਕੇ ਦੱਸਿਆ ਕਿ ਸਬਰੂਲ ਪੁੱਤਰ ਅਕੀਮੁਦੀਨ ਵਾਸੀ ਰਾਮਪੁਰ ਚੰਚਲ ਡਾਕਖਾਨਾ ਰੋਸ਼ਨਪੁਰ ਮਾਲਦਾ ਵੈਸਟ ਬੰਗਾਲ, ਅਕੀਮੁਦੀਨ ਪੁੱਤਰ ਤੋਮੀਜੁਦੀਨ ਵਾਸੀ ਰਸੂਲਪੁਰ ਰਾਮਪੁਰ ਚੰਚਲ ਮਾਲਦਾ ਵੈਸਟ ਬੰਗਾਲ ਅਤੇ ਤਾਲਿਬ ਪੁੱਤਰ ਆਸੀਮੋਦੀਂਨ ਵਾਸੀ ਵਾਰਡ ਨੰਬਰ 07 ਟਾਂਡਾ ਥਾਣਾ ਟਾਂਡਾ ਜਿਲ੍ਹਾ ਹੁਸ਼ਿਆਰਪੁਰ ਹਾਲ ਵਾਸੀਆਨ ਕਹਿਰਵਾਲੀ ਥਾਣਾ ਦਸੂਹਾ ਜਿਲ੍ਹਾ ਹੁਸ਼ਿਆਰਪੁਰ ਗ਼ਾਊ ਦਾ ਮੀਟ ਬਣਾ ਰਹੇ ਹਨ ਜੇਕਰ ਰੇਡ ਕੀਤਾ ਜਾਵੇ ਤਾ ਗਾਊ ਦੇ ਮੀਟ ਸਮੇਤ ਕਾਬੂ ਆ ਸਕਦੇ ਹਨ।ਮੈ ਮੌਕੇ ਤੇ ਜਾ ਕੇ ਦੇਖਿਆ ਤਾ ਸਬਰੂਲ ਅਤੇ ਅਕੀਮੁਦੀਨ ਅਤੇ ਤਾਲਿਬ ਉਕਤਾਨ ਨੇ ਮੀਟ ਬਣਾਇਆ ਹੋਇਆ ਸੀ । ਮੈਨੂੰ ਸ਼ੱਕ ਹੈ ਕਿ ਉਕਤ ਮੀਟ ਗਾਊ ਦਾ ਮੀਟ ਹੈ ਕਿਰਪਾ ਕਰਕੇ ਇਨਹਾ ਤਿੰਨਾ ਦੇ ਖਿਲਾਫ ਕਾਰਵਾਈ ਕੀਤੀ ਜਾਵੇ ।ਜਿਸ ਸਬੰਧੀ ਮੁਕੱਦਮਾ ਦਰਜ ਕੀਤਾ ਗਿਆ। | ਕੋਈ ਨਹੀ | ਨਹੀਂ | ਏ.ਐਸ.ਆਈ ਭੁਪਿੰਦਰ ਸਿੰਘ 9417648416 |
| 2. | ਦਸੂਹਾ | 71<br>22-04-23<br>447,506 ਭ/ਦ | 19-4-23 ਪਿੰਡ ਕਲਿਆਣਪੁਰ | ਗੁਰਸਰਨਜੀਤ ਸਿੰਘ ਪੁੱਤਰ ਨੱਥਾ ਸਿੰਘ ਵਾਸੀ ਉਸਮਾਨ ਸਹੀਦ ਥਾਣਾ ਦਸੂਹਾ ਜਿਲਾ ਹੁਸਿ: 9465143104 | 1.ਕੁਲਵਿੰਦਰ ਸਿੰਘ ਪੁੱਤਰ ਗੁਰਦੀਪ<br>2. ਜਸਪਾਲ ਸਿੰਘ ਉਰਫ ਜੱਸਾ ਪੁੱਤਰ ਗੁਰਦੀਪ ਸਿੰਘ<br>3.ਗੁਰਦੀਪ ਸਿੰਘ ਪੁੱਤਰ ਤਾਰਾ ਸਿੰਘ ਵਾਸੀਆਨ ਸਹਿਗਾ ਥਾਣਾ ਦਸੂਹਾ ਜਿਲਾ ਹੁਸਿ: | ਨਹੀ | 50 ਸਾਲ | ਇਹ ਮੁਕੱਦਮਾ ਬਰ ਬਿਆਨ ਗੁਰਸਰਨਜੀਤ ਸਿੰਘ ਪੁੱਤਰ ਨੱਥਾ ਸਿੰਘ ਵਾਸੀ ਉਸਮਾਨ ਸਹੀਦ ਥਾਣਾ ਦਸੂਹਾ ਜਿਲਾ ਹੁਸ਼ਿਆਰਪੁਰ ਕਿ ਉਹ ਖੇਤੀਬਾੜੀ ਦਾ ਕੰਮ ਕਰਦਾ ਹੈ ਤੇ ਪਿੰਡ ਉਸਮਾਨ ਸਹੀਦ ਦਾ ਮੋਜੂਦਾ ਸਰਪੰਚ ਹੈ ਉਸ ਨੇ ਅਤੇ ਉਸ ਦੇ ਭਰਾ ਕੁਲਵੀਰ ਸਿੰਘ ਨੇ ਭੁਪਿੰਦਰ ਸਿੰਘ ਉਰਫ ਜੋਨੀ ਪੁੱਤਰ ਤੀਰਥ ਸਿੰਘ ਵਾਸੀ ਕਲਿਆਣਪੁਰ ਪਾਸੋ 119 ਕਨਾਲਾ ਤੇ 6 ਮਰਲੇ ਜਮੀਨ ਖਰੀਦੀ ਸੀ ਮਿਤੀ 3-3-2023 ਨੂੰ ਉਹਨਾ ਨੇ ਮਹਿਕਮਾ ਮਾਲ ਪਾਸੋ ਨਿਸ਼ਾਨਦੇਹੀ ਕਰਵਾਈ ਤਾਂ ਉਸ ਦੀ ਜਮੀਨ ਕੁਲਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਸਹਿਗਾ ਥਾਣਾ ਦਸੂਹਾ ਪਾਸੋ ਕਰੀਬ 1 ਕਨਾਲ 16 ਮਰਲੇ ਨਿਕਲੀ ਜਿਸ ਪਰ ਉਸ ਨੇ ਪਿੱਲਰ ਲਗਾ ਕੇ ਕਬਜਾ ਕਰ ਲਿਆ ਤੇ ਬਾਜਰਾ ਬੀਜ ਲਿਆ।ਮਿਤੀ 19-4-2023 ਨੂੰ ਉਹ ਆਪਣੇ ਖੇਤਾ ਵਿੱਚ ਗੇੜਾ ਮਾਰਨ ਗਿਆ ਤਾ ਵਕਤ ਕਰੀਬ 4.00PM ਦਾ ਹੋਵੇਗਾ ਕਿ ਕੁਲਵਿੰਦਰ ਸਿੰਘ ,ਜਸਪਾਲ ਸਿੰਘ ਉਰਫ ਜੱਸਾ,ਗੁਰਦੀਪ ਸਿੰਘ ਵਾਸੀਆਨ ਸਹਿਗਾ ਨੇ ਧੱਕੇ ਨਾਲ ਉਸ ਦੀ ਜਮੀਨ ਤੇ ਕਬਜਾ ਕਰਨ ਦੀ ਖਾਤਿਰ ਉਸ ਵੱਲੋ ਬੀਜਿਆ ਹੋਇਆ ਬਾਜਰਾ ਟਰੈਕਟਰ ਨਾਲ ਵਾਹ ਦਿੱਤਾ ਤੇ ਪਿੱਲਰ ਪੁੱਟ ਕੇ ਕਿੱਥਰੇ ਲੈ ਗਏ।ਜਦੋ ਉਹਨਾ ਨੂੰ ਰੋਕਿਆ ਤਾ ਉਹਨਾ ਨੇ ਉਸ ਨਾਲ ਗਾਲੀ ਗਲੋਚ ਕੀਤਾ ਤੇ ਲੋਕਾ ਦਾ ਇਕੱਠੇ ਹੁੰਦੇ ਦੇਖ ਕੇ ਮੌਕੇ ਤੋ ਟਰੈਕਟਰ ਸਮੇਤ ਭੱਜ ਗਏ।ਜਿਸ ਸਬੰਧੀ ਮੁਕੱਦਮਾ ਦਰਜ ਕੀਤਾ ਗਿਆ। | ਕੋਈ ਨਹੀ | ਨਹੀਂ | ਏ.ਐਸ.ਆਈ ਭੁਪਿੰਦਰ ਸਿੰਘ 9417648416 |

**06 ਸ਼ਬ ਡਵੀਜਨ ਮੁਕੇਰੀਆ**

| ਲੜੀ ਨੰ. | ਥਾਣਾ | ਮੁੱ:ਨੰ:, ਮਿਤੀ, ਅ/ਧ | ਵਕੂਆ ਮਿਤੀ ਸਥਾਨ | ਮੁਦਈ ਦਾ ਪਤਾ ਤੇ ਫੋਨ ਨੰ: | ਦੋਸ਼ੀ ਦਾ ਨਾਮ ਤੇ ਪਤਾ | ਦੋਸ਼ੀ ਗ੍ਰਿਫ ਜਾਂ ਨਹੀ | ਮੁਦਈ/ ਪੀੜਤ ਦੀ ਉਮਰ | ਸੰਖੇਪ ਹਾਲਾਤ | ਬ੍ਰਾਮਦਗੀ | ਮੁੱਖ ਅਫਸਰ ਮੌਕੇ ਪਰ ਗਿਆ ਜਾਂ ਨਹੀ ਗਿਆ ਤਾਂ DDR NO. | ਤਫਤੀਸ਼ੀ ਅਫਸਰ |
|---|---|---|---|---|---|---|---|---|---|---|---|
| 1. | --- | --- | --- | --- | --- | --- | -- | --- | -- | -- | -- |